rgrc

Responsible Gaming
Resource Centre



# ਜੂਏਬਾਜ਼ੀ ਬਾਰੇ ਤੁਹਾਡੇ ਕਿਸ਼ੋਰ ਨਾਲ ਗੱਲ ਕਰਨਾ ਕਿਉਂ ਮਹੱਤਵਪੂਰਨ ਹੁੰਦਾ ਹੈ।

RESPONSIBLE GAMBLING COUNCIL

## ਮੇਰੇ ਕਿਸ਼ੋਰ ਨੂੰ ਕੀ ਜਾਣਨ ਦੀ ਜ਼ਰੂਰਤ ਹੁੰਦੀ ਹੈ?

- ਜੂਏਬਾਜ਼ੀ ਪੈਸਾ ਬਣਾਉਣ ਦਾ ਤਰੀਕਾ ਨਹੀਂ ਹੁੰਦਾ। ਕੈਸੀਨੋਜ਼, ਰੇਸਟਰੈਕਸ, ਬਿੰਗੋ ਹਾਲਾਂ, ਇੰਟਰਨੈੱਟ ਸਾਈਟਾਂ ਜਾਂ ਲਾਟਰੀਆਂ ਸਭ ਇਸ ਤਰ੍ਹਾਂ ਬਣਾਈਆਂ ਜਾਂਦੀਆਂ ਹਨ ਤਾਂ ਜੋ ਬਹੁਤੇ ਲੋਕ ਦੀਰਘ ਕਾਲ ਵਿੱਚ ਹਾਰਨ।
- ਉੱਚੇ-ਜੋਖਮ ਅਤੇ ਨੀਵੇਂ-ਜੋਖਮ ਵਾਲੀ ਜੂਏਬਾਜ਼ੀ ਵਿੱਚ ਅੰਤਰ। ਬਾਲਗ ਜਿਹੜੇ ਇੱਕ ਉੱਚੇ-ਜੋਖਮ ਤਰੀਕੇ ਨਾਲ ਜੂਆ ਖੇਡਦੇ ਹਨ ਸੁਝ ਗੁਆ ਦਿੰਦੇ ਹਨ ਕਿ ਇਹ ਕੇਵਲ ਇੱਕ ਗੇਮ ਹੈ। ਉਹ ਜੂਏਬਾਜ਼ੀ ਨੂੰ ਇੱਕ ਪੈਸਾ ਬਣਾਉਣ ਵਾਲੇ ਤਰੀਕੇ ਦੇ ਤੌਰ ਤੇ ਸਮਝਣਾ ਸ਼ੁਰੂ ਕਰ ਦਿੰਦੇ ਹਨ। ਜਾਂ ਉਹ ਸੋਚਦੇ ਹਨ ਕਿ ਉਨ੍ਹਾਂ ਪਾਸ ਵਿਸ਼ੇਸ਼ ਕਿਸਮਤ ਜਾਂ ਯੋਗਤਾਵਾਂ ਹਨ। ਅਕਸਰ ਜਦੋਂ ਉਹ ਹਾਰਦੇ ਹਨ, ਜੋ ਗੁਆ ਚੁੱਕੇ ਹਨ ਉਸ ਨੂੰ ਮੁੜ ਜਿੱਤਣ ਦੀ ਕੋਸ਼ਿਸ਼ ਵਿੱਚ ਉਹ ਹੋਰ ਵਧੇਰੇ ਸ਼ਰਤਾਂ ਲਾਉਂਦੇ ਹਨ।

  ਬਾਲਗ ਜਿਹੜੇ ਇੱਕ ਨੀਵੇਂ ਜੋਖਮ ਤਰੀਕੇ ਨਾਲ ਖੇਡਦੇ ਹਨ ਕੁਦਰਤੀ ਤੌਰ ਤੇ ਸੁਰੱਖਿਅਤ ਜੂਏਬਾਜ਼ੀ ਦੇ ਸਿਧਾਂਤਾਂ ’ਤੇ ਅਮਲ ਕਰਦੇ ਹਨ। ਉਹ ਜੂਏਬਾਜ਼ੀ ਨੂੰ ਇੱਕ ਮਨੋਰੰਜਨ ਦੇ ਰੂਪ ਵਜੋਂ ਦੇਖਦੇ ਹਨ। ਉਨ੍ਹਾਂ ਲਈ, ਇੱਕ ਥੋੜ੍ਹੀ ਜਿਹੀ ਜੂਏਬਾਜ਼ੀ ਦਾ ਨੁਕਸਾਨ ਕਿਸੇ ਰਾਤ ਦੇ ਮਨੋਰੰਜਨ ਦੀ ਲਾਗਤ ਹੈ-ਜਿਵੇਂ ਕਿ ਇੱਕ ਮੂਵੀ ਟਿਕਟ ਜਾਂ ਇੱਕ ਰੈਸਟੋਰੈਂਟ ਬਿੱਲ ਦੀ ਲਾਗਤ।
- ਸਮੱਸਿਆ ਜੂਏਬਾਜ਼ੀ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ। ਇਸ ਵਿੱਚ ਪੈਸੇ ਦਾ ਨੁਕਸਾਨ, ਕਰਜ਼ਿਆ ਦਾ ਵਧਣਾ, ਕੈਰੀਅਰ ਦੀ ਬਰਬਾਦੀ ਅਤੇ ਦੋਸਤਾਂ ਜਾਂ ਪਰਿਵਾਰ ਦਾ ਘਾਟਾ ਸ਼ਾਮਲ ਹੁੰਦਾ ਹੈ।

ਕੀ ਤੁਸੀਂ ਜਾਣਦੇ ਸੀ? ਔਸਤਨ ਤੌਰ ਤੇ, ਨੌਜਵਾਨ ਜਿਹੜੇ ਜੂਆ ਖੇਡਦੇ ਹਨ 13 ਸਾਲ ਦੀ ਉਮਰ ਤੋਂ ਹੀ ਸ਼ੁਰੂ ਕਰ ਦਿੰਦੇ ਹਨ। *

* ਰੈਸਪਾਨਸੇਬਲ ਗੈਂਬਲਿੰਗ ਕੌਂਸਲ (2007), ਉਨਟਾਰੀਓ ਵਿੱਚ ਜੂਆ ਖੇਡਦੇ 15 ਤੋਂ 17 ਸਾਲ ਦੀ ਉਮਰ ਦੇ ਕਿਸ਼ੋਰਾਂ ਦੇ ਵਿਹਾਰ ਅਤੇ ਪ੍ਰਤੱਖਣ

## "ਪਰ ਮੇਰਾ ਲੜਕਾ ਤਾਂ ਜੂਆ ਖੇਡਣ ਲਈ ਬਹੁਤਾ ਹੀ ਛੋਟਾ ਹੈ!"

ਹਰ ਰੋਜ਼ ਬੱਚੇ ਜੂਏਬਾਜ਼ੀ ਦੇ ਅਕਸਾਂ ਦੇ ਸਨਮੁੱਖ (ਐਕਸਪੋਜ਼) ਹੁੰਦੇ ਹਨ: ਟੀ ਵੀ 'ਤੇ, ਇੰਟਰਨੈੱਟ 'ਤੇ ਜਾਂ ਆਪ ਨਿੱਜੀ ਤੌਰ ਤੇ ਕਿਸੇ ਕਨਵੀਨੀਅਨਸ ਸਟੋਰ ਵਿਖੇ। ਭਾਵੇਂ ਤੁਹਾਡਾ ਲੜਕਾ ਜਾਂ ਲੜਕੀ ਕਾਨੂੰਨੀ ਤੌਰ ਤੇ ਜੂਆ ਖੇਡਣ ਲਈ ਬਹੁਤ ਹੀ ਛੋਟੇ ਹਨ, ਵਿਸ਼ੇ ਨੂੰ ਉਠਾਉਣਾ ਬੜਾ ਹੀ ਮਹੱਤਵਪੂਰਨ ਹੁੰਦਾ ਹੈ। ਕਿਉਂ?

- ਕਿਸ਼ੋਰ ਬਾਲਗ ਹੋਣ ਤੋਂ ਕੇਵਲ ਕੁਝ ਇੱਕ ਸਾਲ ਹੀ ਦੂਰ ਹਨ ਜਿਹੜੇ ਕਾਨੂੰਨੀ ਤੌਰ ਤੇ ਜੂਆ ਖੇਡਣ ਦੀ ਚੋਣ ਕਰ ਸਕਦੇ ਹਨ
- ਬਹੁਤੇ ਕਿਸ਼ੋਰ ਪਹਿਲਾਂ ਹੀ ਖੇਡ ਰਹੇ ਹੁੰਦੇ ਹਨ-ਇਹ ਕਿਸੇ ਹਾਕੀ ਗੇਮ ਜਾਂ ਕਿਸੇ ਤਾਸ਼ ਦੀ ਗੇਮ 'ਤੇ ਸ਼ਰਤ ਲਾਉਣੀ ਹੋ ਸਕਦੀ ਹੈ, ਪਰ ਅਕਸਰ ਇਹ ਬਹੁਤ ਜ਼ਿਆਦਾ ਗੰਭੀਰ ਹੋ ਸਕਦੀ ਹੈ
- ਇੱਕ ਵਾਰੀ ਜਦੋਂ ਕਿਸ਼ੋਰ 18 ਸਾਲ ਦੇ ਹੋ ਜਾਂਦੇ ਹਨ, ਉਹ ਜੂਏਬਾਜ਼ੀ ਦੀ ਇੱਕ ਸਮੱਸਿਆ ਉਤਪੰਨ ਹੋਣ ਦੇ ਸਭ ਤੋਂ ਜ਼ਿਆਦਾ ਜੋਖਮ 'ਤੇ ਹੁੰਦੇ ਹਨ।

ਕੀ ਤੁਸੀਂ ਜਾਣਦੇ ਸੀ? 15 ਤੋਂ 17 ਸਾਲ ਦੀ ਉਮਰ ਦੇ ਉਨਟਾਰੀਓ ਦੇ ਹਾਈ ਸਕੂਲ ਵਿਦਿਆਰਥੀਆਂ ਦੀ ਇੱਕ ਤਿਹਾਈ ਗਿਣਤੀ ਪਿਛਲੇ ਸਾਲਾਂ ਵਿੱਚ ਜੂਆ ਖੇਡੀ ਹੈ? *

## ਮੈਂ ਉਨ੍ਹਾਂ ਦੀ ਕਿਵੇਂ ਰੱਖਿਆ ਕਰ ਸਕਦਾ ਹਾਂ?

ਕਿਸ਼ੋਰ ਜਿਹੜੇ ਸਮਝਦੇ ਹਨ ਕਿ ਜੂਏਬਾਜ਼ੀ ਵਿੱਚ ਜੋਖਮ ਸ਼ਾਮਲ ਹੁੰਦੇ ਹਨ ਉਨ੍ਹਾਂ ਵਿੱਚ ਕੋਈ ਜੂਏਬਾਜ਼ੀ ਦੀ ਸਮੱਸਿਆ ਪੈਦਾ ਹੋਣ ਦੀ ਘੱਟ ਸੰਭਾਵਨਾ ਹੁੰਦੀ ਹੈ। ਮਾਪੇ ਜਿਨ੍ਹਾਂ ਨੇ ਆਪਣੇ ਕਿਸ਼ੋਰਾਂ ਨਾਲ ਸਿੱਧੇ ਤੌਰ ਤੇ ਕਦੀ ਵੀ ਵਿਸ਼ਾ ਨਹੀਂ ਉਠਾਇਆ ਇਸ ਨੂੰ ਮਹਿਸੂਸ ਨਹੀਂ ਕਰ ਸਕਦੇ, ਪਰ ਉਹ ਜੂਏਬਾਜ਼ੀ ਬਾਰੇ ਆਪਣੇ ਵਿਹਾਰ ਦੁਆਰਾ ਇੱਕ ਸੁਨੇਹਾ ਸੰਚਾਰ ਕਰਦੇ ਹਨ: ਮਾਪੇ ਲਾਟਰੀ ਟਿਕਟਾਂ ਖਰੀਦ, ਬਿੰਜੋ ਜਾਂ ਕੈਸੀਨੋ 'ਤੇ ਫੇਰਾ ਪਾ ਸਕਦੇ ਹਨ। ਜਾਂ ਉਹ ਬਿਲਕੁਲ ਹੀ ਜੂਆ ਨਹੀਂ ਖੇਡਦੇ ਹੋ ਸਕਦੇ ਹਨ। ਜਾਂ, ਉਹ ਜੂਏਬਾਜ਼ੀ 'ਤੇ ਬਹੁਤਾ ਹੀ ਜ਼ਿਆਦਾ ਪੈਸਾ ਖਰਚ ਕਰ ਸਕਦੇ ਹਨ ਅਤੇ ਪਿੱਛੋਂ ਪਛਤਾਉਂਦੇ ਹਨ।

ਜੂਏਬਾਜ਼ੀ ਬਾਰੇ ਆਪਣੇ ਕਿਸ਼ੋਰਾਂ ਨਾਲ ਸਿੱਧੇ ਤੌਰ ਤੇ ਗੱਲ ਕਰੋ ਅਤੇ ਸਹੀ ਤੌਰ ਤੇ ਸੰਚਾਰ ਕਰੋ ਜੋ ਤੁਸੀਂ ਕਹਿਣਾ ਚਾਹੁੰਦੇ ਹੋ।

ਕੀ ਤੁਸੀਂ ਜਾਣਦੇ ਸੀ? ਤਕਰੀਬਨ 3.9% ਕਿਸ਼ੋਰ ਜੋ ਜੂਆ ਖੇਡਦੇ ਹਨ ਨੂੰ ਜੂਏਬਾਜ਼ੀ ਸਮੱਸਿਆਵਾਂ ਦਾ ਤਜਰਬਾ ਹੁੰਦਾ ਹੈ। *

ਇੱਕ ਤਾਜ਼ਾ ਸਰਵੇਖਣ ਵਿੱਚ 18-24 ਸਾਲ ਦੇ ਇੱਕ ਹੈਰਾਨੀਜਨਕ 63% ਨੇ ਮੰਨਿਆ ਹੈ ਕਿ ਉਨ੍ਹਾਂ ਦੇ ਜਿੱਤਣ ਦੇ ਅਵਸਰ 50/50 ਜਾਂ ਜ਼ਿਆਦਾ ਹੁੰਦੇ ਹਨ।



## ਮੈਂ ਆਪਣੀ ਗੱਲਬਾਤ ਕਿਵੇਂ ਸ਼ੁਰੂ ਕਰਦਾ ਹਾਂ?

### ਇਹ ਕੁਝ ਗੁਰ ਹਨ ਜਿਹੜੇ ਜੁਏਬਾਜ਼ੀ ਦੇ ਜੋਖਮਾਂ ਬਾਰੇ ਕੋਈ ਗੱਲਬਾਤ ਸ਼ੁਰੂ ਕਰਨ ਵਿੱਚ ਮਦਦ ਕਰ ਸਕਦੇ ਹਨ...

- ਕੁਦਰਤੀ ਤੌਰ ਤੇ ਵਿਸ਼ੇ ਨੂੰ ਛੇੜਨ ਲਈ ਕਿਸੇ ਸਮੇਂ ਦੀ ਤਲਾਸ਼ ਕਰੋ: ਮੁੱਦੇ ਨੂੰ ਜ਼ਬਰਦਸਤੀ ਨਾ ਠੋਸੋ। ਜੂਏ ਬਾਰੇ ਕਿਸੇ ਵਿਗਿਆਪਨ ਨੂੰ ਵੇਖਣ ਪਿੱਛੋਂ ਆਪਣੇ ਕਿਸ਼ੋਰਾਂ ਨਾਲ ਗੱਲ ਕਰੋ ਜਾਂ ਉਸ ਪਰਿਵਾਰ ਜਿਸ ਨੇ ਜੁਏਬਾਜ਼ੀ ਵਿੱਚ ਪੈਸਾ ਜਿੱਤਿਆ ਜਾਂ ਹਾਰਿਆ ਹੋਵੇ ਦੇ ਕਿਸੇ ਦੋਸਤ ਦੇ ਮਿਲ ਪੈਣ ’ਤੇ।
- ਪਹਿਲਾਂ ਸਵਾਲ ਪੁੱਛੋ: ਜਾਣਕਾਰੀ ਦੇਣ ਜਾਂ ਆਪਣੀ ਰਾਇ ਪੇਸ਼ ਕਰਨ ਤੋਂ ਪਹਿਲਾਂ ਜੁਏਬਾਜ਼ੀ ਬਾਰੇ ਆਪਣੇ ਕਿਸ਼ੋਰ ਦੇ ਵਿਚਾਰਾਂ ਅਤੇ ਭਾਵਨਾਵਾਂ ਬਾਰੇ ਜਾਣਕਾਰੀ ਲਵੋ।
- ਧੀਰਜਵਾਨ ਰਹੋ: ਇਸ ਵਾਸਤੇ ਕਈ ਵਾਰੀ ਬਹਿਸਾਂ ਹੋ ਸਕਦੀਆਂ ਹਨ ਇਸ ਤੋਂ ਪਹਿਲਾਂ ਕਿ ਤੁਹਾਡਾ ਬੱਚਾ ਉਹ ਵਿਚਾਰ ਸਜਝੇ ਜੋ ਤੁਸੀਂ ਸਮਝਾਉਣਾ ਚਾਹੁੰਦੇ ਹੋ।

ਜੇ ਤੁਸੀਂ ਆਪਣੀ ਜੁਏਬਾਜ਼ੀ ਬਾਰੇ ਚਿੰਤਤ ਹੋ, ਜਾਂ ਕਿਸੇ ਦੀ ਜੁਏਬਾਜ਼ੀ ਬਾਰੇ ਜਿਸ ਨੂੰ ਤੁਸੀਂ ਸੰਭਾਲਦੇ ਹੋ, ਕਾਲ:

**ਉਨਟਾਰੀਓ ਪਰਾਬਲਮ ਗੈਂਬਲਿੰਗ ਹੈਲਪਲਾਈਨ**
**(ONTARIO PROBLEM GAMBLING PORBLEM)**
1-888-230-3505 ਟੋਲ-ਫਰੀ, ਗੁਪਤ, ਗੁਮਨਾਮ, ਅਤੇ 24 ਘੰਟੇ ਖੁੱਲ੍ਹੇ।

ਵਧੇਰੇ ਜਾਣਕਾਰੀ ਲਈ-ਸਮੇਤ ਤੁਹਾਡੇ ਬੱਚੇ ਦੇ ਪੜ੍ਹਨ ਲਈ ਸਮੱਗਰੀ ਦੇ-ਜਾਂ ਜੁਏਬਾਜ਼ੀ ਸਬੰਧਤ ਸਮੱਸਿਆਵਾਂ ਲਈ ਮਦਦ ਵਾਸਤੇ ਸਥਾਨਕ ਰਿਸੋਰਸਿਜ਼ ਬਾਰੇ ਵਧੇਰੇ ਭਾਲ ਕਰਨ ਲਈ, ਕਿਰਪਾ ਕਰਕੇ:
www.responsiblegambling.org ’ਤੇ ਜਾਓ।

## ਰੈਸਪਾਨਸੇਬਲ ਗੇਮਿੰਗ (ਜੂਆ) ਰਿਸੋਰਸ ਸੈਂਟਰ

ਰੈਸਪਾਨਸੇਬਲ ਗੇਮਿੰਗ ਰਿਸੋਰਸ ਸੈਂਟਰ (RGRC), ਉਨਟਾਰੀਓ ਭਰ ਦੀਆਂ ਓ ਐੱਲ ਜੀ (OLG) ਜੂਆ ਥਾਵਾਂ ’ਤੇ ਸਥਿਤ, ਸੁਰੱਖਿਅਤ ਜੂਆ ਅਮਲਾਂ ਲਈ ਅਤੇ ਸਹਾਇਤਾ ਲਈ ਵੀ ਅਤੇ ਸਥਾਨਕ ਹਵਾਲਿਆਂ ਵਾਸਤੇ ਜੁਏਬਾਜ਼ੀ ਸਬੰਧਤ ਸਮੱਸਿਆਵਾਂ ਵਿੱਚ ਮਦਦ ਕਰਨ ਲਈ ਸਰਪ੍ਰਸਤੀ ਅਤੇ ਜਾਣਕਾਰੀ ਉਪਲਬਧ ਕਰਦੀ ਹੈ। ਰੈਸਪਾਨਸੇਬਲ ਗੈਂਬਲਿੰਗ ਕੌਂਸਲ ਵੱਲੋਂ ਪਰਿਚਾਲਤ, ਸੈਂਟਰ ਆਜ਼ਾਦ ਹੁੰਦੇ ਹਨ ਅਤੇ RGRC ਨੂੰ ਮੁਹਈਆ ਕੀਤੀ ਜਾਣਕਾਰੀ ਗੁਪਤ ਹੁੰਦੀ ਹੈ।

## ਰੈਸਪਾਨਸੇਬਲ ਗੈਂਬਲਿੰਗ ਕੌਂਸਲ

ਸਮੱਸਿਆ ਜੁਏਬਾਜ਼ੀ ਰੋਕਣ ਨੂੰ ਪ੍ਰਤੀਬੱਧ ਰੈਸਪਾਨਸੇਬਲ ਗੈਂਬਲਿੰਗ ਕੌਂਸਲ (RGC) ਇੱਕ ਆਜ਼ਾਦ, ਗੈਰ-ਮੁਨਾਫਾ ਸੰਗਠਨ ਹੈ। RGC ਉੱਚਕੋਟੀ ਦੇ ਅਸਰਦਾਰ ਸਚੇਤਤਾ ਪ੍ਰੋਗਰਾਮ ਤਿਆਰ ਅਤੇ ਪ੍ਰਦਾਨ ਕਰਦੀ ਹੈ। RGC ਸੈਂਟਰ ਦੁਆਰਾ ਵਧੀਆ ਅਮਲਾਂ ਦੇ ਵਿਕਾਸ ਵਾਸਤੇ, ਕੌਂਸਲ ਸਮੱਸਿਆ ਜੁਏਬਾਜ਼ੀ ਦੀ ਰੋਕਥਾਮ ਨੂੰ ਪਛਾਣਨ ਅਤੇ ਅਪਣਾਉਣ ਨੂੰ ਵੀ ਉੱਨਤ ਕਰਦੀ ਹੈ।

www.responsiblegambling.org

Teen - Punjabi